ਡਾਇਰੈਕਟਰੋਕੇਟ, ਸਿਹਤ ਸੇਵਾਵਾਂ (ਪਰਿਵਾਰਭਲਾਈ) ਪੰਜਾਬ
ਪਲਾਟ ਨੰ:5, ਪਰਿਵਾਰ ਕਲਿਆਣ ਭਵਨ, ਸੈਕਟਰ 34-ਏ, ਚੰਡੀਗੜ੍ਹ

## ਦਫਤਰੀ ਹੁਕਮ

ਨੰ:ਈ-10(1)-ਪੰ-2018/ 1950 ਮਿਤੀ: 29-10-2018

ਸਿਹਤ ਵਿਭਾਗ ਅਧੀਨ ਚੱਲ ਰਹੀ 1263 ਮਲਟੀਪਰਪਜ਼ ਹੈਲਥ ਵਰਕਰ ਮੇਲ ਦੀ ਭਰਤੀ ਪ੍ਰਕਿਰਿਆ ਨੂੰ ਮੁਕੰਮਲ ਕਰਨ ਲਈ ਵਿਭਾਗ ਵੱਲੋਂ ਸ਼੍ਰੇਣੀਵਾਰ ਰਿਜ਼ਲਟ ਅਤੇ 1183 ਯੋਗ ਉਮੀਦਵਾਰਾਂ ਦਾ ਅਨੁਲੱਗ 13 ਮਿਤੀ 25-10-2018 ਨੂੰ ਸਿਹਤ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕੀਤਾ ਗਿਆ ਸੀ। ਇਹ ਵੀ ਦੱਸਣਾਯੋਗ ਹੋਵੇਗਾ ਕਿ ਉਮੀਦਵਾਰਾਂ ਦੀ ਚੋਣ ਕਰਦੇ ਸਮੇਂ ਵਿਭਾਗ ਵੱਲੋਂ ਕਿਸੇ ਵੀ ਅਜਿਹੇ ਉਮੀਦਵਾਰ ਨੂੰ ਯੋਗ ਕਰਾਰ ਨਹੀ ਦਿੱਤਾ ਗਿਆ, ਜਿਸ ਵੱਲੋਂ ਗਲਤੀ ਸ਼੍ਰੇਣੀ ਵਿੱਚ ਅਪਲਾਈ ਕੀਤਾ ਗਿਆ ਸੀ। ਹੁਣ ਸ੍ਰੀ ਗੁਰਚਰਨ ਸਿੰਘ ਪੁੱਤਰ ਸ੍ਰੀ ਗੁਰਮੇਲ ਸਿੰਘ, ਰੋਲ ਨੰ. 334081 ਵੱਲੋਂ ਮਿਤੀ 29-10-2018 ਨੂੰ ਪੇਸ਼ ਕੀਤੀ ਬੇਨਤੀ ਤੇ ਵਿਚਾਰ ਕਰਦੇ ਹੋਏ ਰਿਕਾਰਡ ਦੀ ਮੁੜ ਘੋਖ ਕਰਨ ਤੇ ਹੇਠ ਲਿਖੇ ਅਨੁਸਾਰ ਪਾਇਆ ਗਿਆ :-

1) ਕਿ ਸ੍ਰੀ ਗੁਰਚਰਨ ਸਿੰਘ ਪੁੱਤਰ ਸ੍ਰੀ ਗੁਰਮੇਲ ਸਿੰਘ, ਰੋਲ ਨੰ. 334081 ਜਿਸਦੇ ਪ੍ਰੀਖਿਆ ਵਿੱਚ 464 ਅੰਕ ਸਨ, ਨੂੰ ਅਨੁਸੂਚਿਤ ਜਾਤੀ (ਆਰ ਐਂਡ ਓ) ਸ਼੍ਰੇਣੀ ਵਿੱਚ 1183 ਯੋਗ ਉਮੀਦਵਾਰਾਂ ਦੇ ਅਨੁਲੱਗ 13 ਵਿੱਚ ਲੜੀ ਨੰ. 192 ਤੇ ਯੋਗ ਕਰਾਰ ਦਿੱਤਾ ਗਿਆ ਹੈ ਜਦੋਂ ਕਿ ਇਹ ਉਮੀਦਵਾਰ ਅਨੁਸੂਚਿਤ ਜਾਤੀ (ਮ.ਬ) ਸ਼੍ਰੇਣੀ ਨਾਲ ਸਬੰਧ ਰਖਦਾ ਹੈ।ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਵੱਲੋਂ ਜੋ ਕਾਊਸਲਿੰਗ ਉਪਰੰਤ ਕਾਰਵਾਈ ਰਿਪੋਰਟ ਪੇਸ਼ ਕੀਤੀ, ਉਸ ਵਿੱਚ ਇਸ ਉਮੀਦਵਾਰ ਦੀ ਗਲਤ ਸ਼੍ਰੇਣੀ ਅਧੀਨ ਅਪਲਾਈ ਕਰਨ ਦਾ ਕੋਈ ਵੀ ਕਥਨ ਵੀ ਦਰਜ਼ ਨਹੀ ਕੀਤਾ ਗਿਆ।

2) ਕਿ ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ, ਰੋਲ ਨੰ. 333907 ਜਿਸਦੇ ਪ੍ਰੀਖਿਆ ਵਿੱਚ 420 ਅੰਕ ਸਨ, ਨੂੰ ਅਨੁਸੂਚਿਤ ਜਾਤੀ (ਆਰ ਐਂਡ ਓ) ਸ਼੍ਰੇਣੀ ਵਿੱਚ 1183 ਯੋਗ ਉਮੀਦਵਾਰਾਂ ਦੇ ਅਨੁਲੱਗ 13 ਵਿੱਚ ਲੜੀ ਨੰ. 721 ਤੇ ਯੋਗ ਕਰਾਰ ਦਿੱਤਾ ਗਿਆ ਹੈ ਜਦੋਂ ਕਿ ਇਹ ਉਮੀਦਵਾਰ ਅਨੁਸੂਚਿਤ ਜਾਤੀ (ਮ.ਬ) ਸ਼੍ਰੇਣੀ ਨਾਲ ਸਬੰਧ ਰਖਦਾ ਹੈ। ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਵੱਲੋਂ ਜੋ ਕਾਊਸਲਿੰਗ ਉਪਰੰਤ ਕਾਰਵਾਈ ਰਿਪੋਰਟ ਪੇਸ਼ ਕੀਤੀ, ਉਸ ਵਿੱਚ ਇਸ ਉਮੀਦਵਾਰ ਦੀ ਗਲਤ ਸ਼੍ਰੇਣੀ ਅਧੀਨ ਅਪਲਾਈ ਕਰਨ ਦਾ ਕੋਈ ਵੀ ਕਥਨ ਵੀ ਦਰਜ਼ ਨਹੀ ਕੀਤਾ ਗਿਆ।

Scanned by CamScanner

ਉਕਤ ਸਥਿਤੀ ਦੇ ਸਨਮੁੱਖ ਮਾਮਲੇ ਸਬੰਧੀ ਹਾਲ ਦੀ ਘੜੀ ਲੜੀ ਨੰ. 1 ਅਤੇ 2 ਤੇ ਦਰਸਾਏ ਦੋਵਾਂ ਯੋਗ ਉਮੀਦਵਾਰਾਂ ਦੇ ਯੋਗ ਘੋਸ਼ਿਤ ਕਰਨ ਦੇ ਨਤੀਜੇ ਤੇ ਅਗਲੇ ਹੁਕਮਾਂ ਤੱਕ ਰੋਕ ਲਗਾਈ ਜਾਂਦੀ ਹੈ। ਇਹਨਾਂ ਦੋਵਾਂ ਉਮੀਦਵਾਰਾਂ ਦੇ ਨਤੀਜੇ ਸਬੰਧੀ ਅੰਤਿਮ ਫੈਸਲਾ ਬਾਅਦ ਵਿੱਚ ਕੀਤਾ ਜਾਵੇਗਾ। ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਦੋਨੋ ਉਮੀਦਵਾਰ ਹਾਲ ਦੀ ਘੜੀ ਤਜਵੀਜ਼ਤ ਕਾਊਸਲਿੰਗ ਦੌਰਾਨ ਮੋਹਾਲੀ ਵਿਖੇ ਹਾਜ਼ਿਰ ਨਹੀ ਹੋਣਗੇ।

ਨਰੇਸ਼ ਕੁਮਾਰ
ਡਾਇਰੈਕਟਰ ਸਿਹਤ ਸੇਵਾਵਾਂ (ਪ.ਭ), ਪੰਜਾਬ

ਪਿੱਠ ਅੰਕਣ ਨੰ:ਈ-10(1)-ਪੰ-2018/1951-53 ਮਿਤੀ: 29-10-2018

ਉਤਾਰਾ:-

1. ਕਿ ਸ੍ਰੀ ਗੁਰਚਰਨ ਸਿੰਘ ਪੁੱਤਰ ਸ੍ਰੀ ਗੁਰਮੇਲ ਸਿੰਘ, ਪਿੰਡ ਤੇ ਡਾਕਖਾਨਾ ਸਰਾਏਨਾਗਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ (ਮੋਬਾਇਲ ਨੰ. 9779735619) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ, ਪਿੰਡ ਤੇ ਡਾਕਖਾਨਾ ਤਾਮਕੋਟ, ਜ਼ਿਲਾ ਸ੍ਰੀ ਮੁਕਤਸਰ ਸਾਹਿਬ (ਮੋਬਾਇਲ ਨੰ. 9914918951) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
3. ਸਿਸਟਮ ਐਨਾਲਿਸਟ ਦਫਤਰ ਡੀ.ਐਚ.ਐਸ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਦਫਤਰੀ ਹੁਕਮ ਅੱਜ ਹੀ ਵਿਭਾਗ ਦੀ ਵੈਬਸਾਈਟ ਦੇ ਅਪਲੋਡ ਕਰ ਦਿੱਤਾ ਜਾਵੇ।
   ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

29/10/18
ਡਾਇਰੈਕਟਰ ਸਿਹਤ ਸੇਵਾਵਾਂ (ਪ.ਭ), ਪੰਜਾਬ

Scanned by CamScanner